ਹਲਕਾ ਇੰਚਾਰਜ ਲਲਿਤ ਮੋਹਨ ਪਾਠਕ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਨੂੰ ਚੈੱਕ ਭੇਟ ਕਰਨ ਸਮੇਂ।

ਨਵਾਂਸ਼ਹਿਰ ਹਲਕੇ ਦੀਆਂ ਪੰਚਾਇਤਾਂ ਨੂੰ ਲਲਿਤ ਮੋਹਨ ਪਾਠਕ ਨੇ 3.25 ਕਰੋੜ ਦੇ ਚੈੱਕ ਵੰਡੇ

ਨਵਾਂਸ਼ਹਿਰ, 27 ਨਵੰਬਰ (ਜਸਬੀਰ ਸਿੰਘ ਨੂਰਪੁਰ) - ਨਵਾਂਸ਼ਹਿਰ ਵਿਖੇ ਲਲਿਤ ਮੋਹਨ ਪਾਠਕ ਹਲਕਾ ਇੰਚਾਰਜ ਨਵਾਂਸ਼ਹਿਰ ਵਲੋਂ ਪੰਜਾਬ ਸਰਕਾਰ ਵਲੋਂ ਹਲਕੇ ਦੇ ਵੱਖ-ਵੱਖ ਪਿੰਡਾਂ ਨੂੰ ਜਾਰੀ ਕੀਤੀ ਗਈ ਕਰੀਬ 3.25 ਕਰੋੜ ਦੀ ਗ੍ਰਾਂਟਾਂ ਦੇ ਚੈੱਕ ਪਿੰਡਾਂ ਦੇ ਪੰਚਾਇਤ ਮੈਂਬਰ ਸਾਹਿਬਾਨ ਨੂੰ ਵੰਡੇ ਗਏ। ਲਲਿਤ ਮੋਹਨ ਪਾਠਕ ਹਲਕਾ ਇੰਚਾਰਜ ਨਵਾਂਸ਼ਹਿਰ ਨੇ ਆਖਿਆ ਕਿ ਨਵਾਂਸ਼ਹਿਰ ਹਲਕੇ ਦੇ ਵਿਕਾਸ ਕਾਰਜਾਂ 'ਚ ਕੋਈ ਕਮੀ ਨਹੀਂ ਆਉਣ ਦਿਆਂਗੇ। ਉਹਨਾਂ ਆਖਿਆ ਕਿ ਸ਼ਹਿਰ ਦੇ ਵਿਕਾਸ ਕਾਰਜ ਵੀ ਪਹਿਲ ਦੇ ਅਧਾਰ 'ਤੇ ਕੀਤੇ ਜਾਣਗੇ। ਉਹਨਾਂ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਗ੍ਰਾਂਟਾਂ ਜਾਰੀ ਕੀਤੀਆਂ ਜਾਣਗੀਆਂ। ਉਹਨਾਂ ਕਿਹਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਅਗਵਾਈ 'ਚ ਪੰਜਾਬ ਲਗਾਤਾਰ ਤਰੱਕੀ ਵੱਲ ਚੱਲ ਰਿਹਾ ਹੈ। ਉਹਨਾਂ ਪੰਚਾਇਤਾਂ ਨੂੰ ਆਖਿਆ ਕਿ ਉਹ ਪਿੰਡਾਂ ਦੇ ਵਿਕਾਸ ਕਾਰਜ ਨਿਰਪੱਖ ਤੌਰ 'ਤੇ ਕਰਵਾਉਣ ਅਤੇ ਪਿੰਡਾਂ ਦਾ ਸਰਬਪੱਖੀ ਵਿਕਾਸ ਕਰਨ। ਉਹਨਾਂ ਆਖਿਆ ਕਿ ਹਰ ਪਿੰਡ ਵਿੱਚ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਜਿੰਮ ਬਣਾਏ ਜਾਣਗੇ ਜਿਸ ਨਾਲ ਨੌਜਵਾਨ ਖੇਡਾਂ ਵੱਲ ਉਤਸ਼ਾਹਤ ਹੋਣਗੇ। ਇਸ ਮੌਕੇ 'ਤੇ ਪਾਰਟੀ ਦੇ ਵੱਖ-ਵੱਖ ਆਗੂ ਵੀ ਹਾਜ਼ਰ ਸਨ।

ਪਿੰਡਾਂ ਦੀਆਂ ਪੰਚਾਇਤਾਂ ਨੂੰ ਚੈੱਕ ਭੇਟ ਕਰਨ ਸਮੇਂ।

30 ਗ੍ਰਾਮ ਹੈਰੋਇਨ ਸਮੇਤ ਰਾਹੋਂ ਪੁਲਿਸ ਵਲੋਂ ਕਥਿਤ ਦੋਸ਼ੀ ਗ੍ਰਿਫ਼ਤਾਰ

ਰਾਹੋਂ, 27 ਨਵੰਬਰ (ਉਂਕਾਰ ਸਿੰਘ ਰਾਠੌਰ) - ਰਾਹੋਂ ਵਿਖੇ ਨਵੇਂ ਆਏ ਥਾਣਾ ਮੁਖੀ ਇੰਸਪੈਕਟਰ ਚੌਧਰੀ ਵਰਿੰਦਰ ਕੁਮਾਰ ਵਲੋਂ ਆਪਣਾ ਅਹੁਦਾ ਸੰਭਾਲ ਲਿਆ ਗਿਆ ਹੈ। ਸੀਨੀਅਰ ਅਫ਼ਸਰਾਂ ਦੀ ਰਹਿਨੁਮਾਈ ਹੇਠ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ੀਲੀਆਂ ਵਸਤੂਆਂ ਦੀ ਸਮੱਗਲਿੰਗ ਕਰਨ ਵਾਲੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਦਿੱਤੇ ਦਿਸ਼ਾ ਨਿਰਦੇਸ਼ਾਂ ਤੇ ਉੱਚ ਅਫਸਰਾਂ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਦੇ ਹੋਏ ਨਸ਼ਿਆਂ ਦੇ ਸਮੱਗਲਰਾਂ ਨੂੰ ਫੜਨ ਲਈ ਪੰਜਾਬ ਪੁਲਿਸ ਅਹਿਮ ਭੂਮਿਕਾ ਨਿਭਾ ਰਹੀ ਹੈ। ਥਾਣਾ ਮੁਖੀ ਚੌਧਰੀ ਵਰਿੰਦਰ ਕੁਮਾਰ ਵਲੋਂ ਆਪਣੇ ਪੁਲਿਸ ਸਾਥੀਆਂ ਨੂੰ ਨਾਲ ਲੈ ਕੇ ਸਰਚ ਅਭਿਆਨ ਚਲਾਇਆ ਗਿਆ ਜਿਸ ਤਹਿਤ ਬੀਤੇ ਕੱਲ੍ਹ ਰਾਹੋਂ ਦੀ ਪੁਲਿਸ ਵਲੋਂ 30 ਗ੍ਰਾਮ ਹੈਰੋਇਨ ਸਮੇਤ ਵਿਅਕਤੀ ਨੂੰ ਕਾਬੂ ਕੀਤਾ ਗਿਆ। ਐਸ.ਐਚ.ਓ ਚੌਧਰੀ ਵਰਿੰਦਰ ਕੁਮਾਰ ਨੇ ਆਖਿਆ ਕਿ ਪੁਲਿਸ ਪਾਰਟੀ ਜਦੋਂ ਰਾਹੋਂ ਤੋਂ ਨਵਾਂਸ਼ਹਿਰ ਦੇ ਰਸਤੇ ਪਿੰਡ ਛੋਕਰਾਂ ਵੱਲ ਗਸ਼ਤ ਕਰਦੀ ਹੋਈ ਇੱਟਾਂ ਦੇ ਭੱਠੇ ਤੋਂ ਥੋੜਾ ਅੱਗੇ ਪਹੁੰਚੀ ਉੱਥੇ ਪੁਲਿਸ ਪਾਰਟੀ ਨੂੰ ਸ਼ੱਕੀ ਵਿਅਕਤੀ ਦਿਖਾਈ ਦਿੱਤਾ। ਸ਼ੱਕ ਦੇ ਅਧਾਰ 'ਤੇ ਉਸ ਕੋਲੋਂ ਤਲਾਸ਼ੀ ਲੈਣ 'ਤੇ ਉਸ ਵਲੋਂ ਸੁੱਟੀ ਲਿਫਾਫੀ ਵਿੱਚ 30 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਪੁਲਿਸ ਪਾਰਟੀ ਵਲੋਂ ਉਸ ਨੂੰ ਮੌਕੇ 'ਤੇ ਕਾਬੂ ਕਰਕੇ ਅਗਲੀ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ। ਥਾਣਾ ਮੁਖੀ ਨੇ ਆਖਿਆ ਕਿ ਕਥਿਤ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਜਿਸ ਦੀ ਪਹਿਚਾਣ ਸੋਨੂੰ ਪੁੱਤਰ ਰਾਮ ਖਿਲਾਵਨ ਵਾਸੀ ਰਾਹੋਂ ਵਜੋਂ ਹੋਈ ਹੈ। ਕਥਿਤ ਦੋਸ਼ੀ ਨੂੰ ਅਦਾਲਤ ਵਿੱਚ ਪੇਸ਼ ਕਰਕੇ ਹੋਰ ਤਫ਼ਤੀਸ਼ ਲਈ ਰਿਮਾਂਡ ਹਾਸਲ ਕੀਤਾ ਜਾਵੇਗਾ।

ਕਥਿਤ ਦੋਸ਼ੀ ਸਬੰਧੀ ਜਾਣਕਾਰੀ ਦਿੰਦੇ ਹੋਏ ਪੁਲਿਸ ਪਾਰਟੀ।

ਗੁਰੂ ਤੇਗ ਬਹਾਦਰ ਜੀ ਨੇ ਰੱਖਿਆ ਸੀ ਨਵਾਂਸ਼ਹਿਰ ਸ਼ਹਿਰ ਦਾ ਨਾਂਅ

ਨਵਾਂਸ਼ਹਿਰ, 27 ਨਵੰਬਰ (ਜਸਬੀਰ ਸਿੰਘ ਨੂਰਪੁਰ) - ਇਤਿਹਾਸਕ ਗੁਰਦੁਆਰਾ ਮੰਜੀ ਸਾਹਿਬ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ ਦੀ ਛੋਹ ਪ੍ਰਾਪਤ ਹੈ। ਗੁਰਦੁਆਰਾ ਮੰਜੀ ਸਾਹਿਬ ਬੰਗਾ ਤੋਂ ਨਵਾਂਸ਼ਹਿਰ ਰੋਡ 'ਤੇ ਸਥਿਤ ਹੈ ਇਸ ਸਥਾਨ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ 1665 ਈਸਵੀ 'ਚ ਇੱਥੇ ਬਾਬਾ ਬਕਾਲਾ ਤੋਂ ਕੀਰਤਪੁਰ ਸਾਹਿਬ ਨੂੰ ਜਾਂਦੇ ਹੋਏ ਆਏ ਸਨ। ਦੱਸਿਆ ਜਾ ਰਿਹਾ ਹੈ ਕਿ ਇਸ ਸਥਾਨ 'ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਪੰਜ ਮਹੀਨੇ 19 ਦਿਨ ਰਹੇ ਅਤੇ ਇੱਥੇ ਰੋਜ਼ਾਨਾ ਦੀਵਾਨ ਸਜਾਉਂਦੇ ਸਨ। ਮਾਤਾ ਗੁਜਰ ਕੌਰ ਜੀ ਸੰਗਤਾਂ ਨੂੰ ਆਪ ਹੱਥੀਂ ਲੰਗਰ ਤਿਆਰ ਕਰ ਕੇ ਛਕਾਉਂਦੇ ਸਨ। ਜਿਸ ਸਮੇਂ ਗੁਰੂ ਸਾਹਿਬ ਜੀ ਇੱਥੇ ਆਏ ਉਸ ਸਮੇਂ ਗੁਰੂ ਜੀ ਨਾਲ ਮਾਤਾ ਨਾਨਕੀ ਜੀ, ਮਾਮਾ ਕਿਰਪਾਲ ਚੰਦ, ਮਾਤਾ ਗੁਜਰੀ ਜੀ, ਦੁਆਰਕਾ ਦਾਸ ਵੀ ਨਾਲ ਸਨ। ਦੱਸਿਆ ਜਾ ਰਿਹਾ ਹੈ ਕਿ ਮਾਤਾ ਗੁਜਰ ਕੌਰ ਜੀ ਨੇ ਇੱਥੇ ਖੂਹ ਵੀ ਲਗਵਾਇਆ ਜੋ ਇਸ ਸਮੇਂ ਵੀ ਮੌਜੂਦ ਹੈ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਇੱਥੇ ਨੀਵੇਂ ਸ਼ਹਿਰ ਤੋਂ ਬਦਲ ਕੇ ਸ਼ਹਿਰ ਦਾ ਨਾਮ ਨਵਾਂਸ਼ਹਿਰ ਰੱਖਿਆ। ਇਸ ਸਥਾਨ ਦੀ ਸੇਵਾ ਬਾਬਾ ਨਰੰਗ ਸਿੰਘ ਜੀ ਕਰਵਾ ਰਹੇ ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ 'ਤੇ ਗੁਰਦੁਆਰਾ ਮੰਜੀ ਸਾਹਿਬ ਤੋਂ 28 ਨਵੰਬਰ ਨੂੰ ਵਿਸ਼ਾਲ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ ਅਤੇ ਇੱਥੇ 29 ਅਤੇ 20 ਨਵੰਬਰ ਨੂੰ ਭਾਰੀ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਪੰਥ ਦੇ ਪ੍ਰਸਿੱਧ ਜੱਥੇ ਪੁੱਜ ਰਹੇ ਹਨ।

ਗੁਰਦੁਆਰਾ ਮੰਜੀ ਸਾਹਿਬ ਨਵਾਂਸ਼ਹਿਰ ਤੇ (ਇਨਸੈੱਟ 'ਚ) ਮੁੱਖ ਸੇਵਾਦਾਰ ਬਾਬਾ ਨਰੰਗ ਸਿੰਘ।

ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਨੂੰ ਲੈ ਕੇ ਵਿਧਾਇਕ ਡਾ. ਸੁੱਖੀ ਦੇ ਬੰਗਾ ਦਫ਼ਤਰ 'ਚ ਮੀਟਿੰਗ

ਬੰਗਾ, 27 ਨਵੰਬਰ (ਸੁਰਿੰਦਰ ਸਿੰਘ ਕਰਮ ਲਧਾਣਾ, ਕੁਲਦੀਪ ਸਿੰਘ ਪਾਬਲਾ) - ਬੰਗਾ ਹਲਕੇ ਦੇ ਵਿਭਿੰਨ ਪਾਰਟੀ ਅਹੁਦੇਦਾਰਾਂ, ਵਰਕਰਾਂ ਅਤੇ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੇ ਜਥੇਬੰਦਕ ਇੰਚਾਰਜਾਂ ਦੀ ਇੱਕ ਮਹੱਤਵਪੂਰਨ ਅਤੇ ਰਣਨੀਤਿਕ ਮੀਟਿੰਗ ਵਿਧਾਇਕ ਡਾ. ਸੁਖਵਿੰਦਰ ਸੁੱਖੀ ਦੇ ਦਫ਼ਤਰ ਵਿਖੇ ਹੋਈ। ਇਸ ਮੀਟਿੰਗ ਵਿੱਚ ਆਉਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੇ ਸਬੰਧ 'ਚ ਵਿਸਥਾਰ ਪੂਰਵਕ ਮਸਲਿਆਂ 'ਤੇ ਗੰਭੀਰ ਚਰਚਾ ਕੀਤੀ ਗਈ। ਪਾਰਟੀ ਦੀ ਮਜ਼ਬੂਤੀ, ਹਲਕੇ ਦੀ ਗ੍ਰਾਊਂਡ ਰਿਪੋਰਟ ਅਤੇ ਵਰਕਰਾਂ ਦੀ ਭੂਮਿਕਾ 'ਤੇ ਸੋਚ-ਵਿਚਾਰ ਨਾਲ ਰਣਨੀਤਿਕ ਮਾਰਗਦਰਸ਼ਨ ਜਾਰੀ ਕੀਤਾ ਗਿਆ। ਮੀਟਿੰਗ ਦੌਰਾਨ ਸਭ ਤੋਂ ਮਹੱਤਵਪੂਰਨ ਗੱਲ ਇਹ ਰਹੀ ਕਿ ਚੋਣਾਂ ਦੇ ਮੱਦੇਨਜ਼ਰ ਕੈਂਡੀਡੇਟਾਂ 'ਤੇ ਵੀ ਡੂੰਘੇ ਤੌਰ 'ਤੇ ਵਿਚਾਰ-ਵਿਮਰਸ਼ ਕੀਤਾ ਗਿਆ। ਜ਼ਮੀਨੀ ਹਕੀਕਤ, ਲੋਕਾਂ ਦੀਆਂ ਉਮੀਦਾਂ, ਪਾਰਟੀ ਦੇ ਲੰਮੇ ਸਮੇਂ ਤੋਂ ਕੰਮ ਕਰ ਰਹੇ ਸਚੇ ਸਿਪਾਹੀਆਂ ਅਤੇ ਹਲਕੇ ਦੀ ਰਾਜਨੀਤਕ ਲਹਿਰ ਨੂੰ ਧਿਆਨ ਵਿੱਚ ਰੱਖਦਿਆਂ ਕਈ ਮਹੱਤਵਪੂਰਨ ਨਾਮਾਂ 'ਤੇ ਵਿਚਾਰ ਰੱਖੇ ਗਏ। ਵਿਧਾਇਕ ਸੁੱਖੀ ਨੇ ਕਿਹਾ ਕਿ ਆਉਣ ਵਾਲੀਆਂ ਚੋਣਾਂ ਪਾਰਟੀ ਲਈ ਨਹੀ ਸਗੋਂ ਹਲਕੇ ਦੀ ਤਰੱਕੀ ਲਈ ਵੀ ਬੇਹੱਦ ਅਹਿਮ ਹਨ। ਉਨ੍ਹਾਂ ਵਰਕਰਾਂ ਨੂੰ ਇਕਜੁੱਟ ਹੋ ਕੇ ਮਿਹਨਤ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਜਿੱਤ ਪੱਕੀ ਕਰਨ ਲਈ ਹਰ ਬੂਥ 'ਤੇ ਮਜ਼ਬੂਤ ਪਨ੍ਹਾ ਤਿਆਰ ਕੀਤਾ ਜਾਵੇ ਅਤੇ ਗ੍ਰਾਊਂਡ ਐਕਟੀਵਿਟੀਆਂ ਨੂੰ ਤੇਜ਼ੀ ਨਾਲ ਵਧਾਇਆ ਜਾਵੇ। ਮੀਟਿੰਗ ਵਿੱਚ ਪਾਰਟੀ ਦੇ ਹਲਕਾ ਇੰਚਾਰਜ, ਜ਼ੋਨਲ ਇੰਚਾਰਜ, ਬੂਥ ਪ੍ਰਧਾਨ ਅਤੇ ਮਹੱਤਵਪੂਰਨ ਵਰਕਰ ਹਾਜ਼ਰ ਰਹੇ। ਸਭ ਨੇ ਇੱਕ ਸੁਰ ਵਿੱਚ ਕਿਹਾ ਕਿ ਬੰਗਾ ਹਲਕਾ ਆਉਂਦੀਆਂ ਚੋਣਾਂ ਵਿੱਚ ਵੀ ਬੇਹੱਦ ਮਜ਼ਬੂਤੀ ਨਾਲ ਪਾਰਟੀ ਦੀ ਜਿੱਤ ਯਕੀਨੀ ਬਣਾਵੇਗਾ।



ਵਿਧਾਇਕ ਡਾ. ਸੁਖਵਿੰਦਰ ਸੁੱਖੀ

ਐੱਸ. ਐੱਚ. ਓ. ਵਰਿੰਦਰ ਕੁਮਾਰ ਨੇ ਥਾਣਾ ਰਾਹੋਂ ਦਾ ਅਹੁਦਾ ਸੰਭਾਲਿਆ

ਰਾਹੋਂ, 27 ਨਵੰਬਰ (ਉਂਕਾਰ ਸਿੰਘ ਰਾਠੌਰ) - ਰਾਹੋਂ ਦੇ ਨਵੇਂ ਐੱਸ.ਐੱਚ.ਓ. ਚੌਧਰੀ ਵਰਿੰਦਰ ਕੁਮਾਰ ਨੇ ਅਹੁਦਾ ਸੰਭਾਲਿਆ। ਥਾਣਾ ਮੁਖੀ ਚੌਧਰੀ ਵਰਿੰਦਰ ਕੁਮਾਰ ਨੇ ਕਿਹਾ ਕਿ ਜ਼ਿਲ੍ਹਾ ਪੁਲਿਸ ਮੁਖੀ ਦੀ ਯੋਗ ਅਗਵਾਈ ਤੇ ਦਿਸ਼ਾ ਨਿਰਦੇਸ਼ਾਂ ਹੇਠ ਨਸ਼ਿਆਂ ਖਿਲਾਫ ਚਲਾਈ ਜਾ ਰਹੀ ਮੁਹਿੰਮ ਨੂੰ ਲਗਾਤਾਰ ਜਾਰੀ ਰੱਖਿਆ ਜਾਵੇਗਾ। ਇਸ ਮੌਕੇ ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਖਿਲਾਫ ਸ਼ਿਕੰਜਾ ਕੱਸਣਾ ਉਨ੍ਹਾਂ ਦੀ ਪਹਿਲੀ ਤਰਜੀਹ ਹੋਵੇਗੀ। ਉਨ੍ਹਾਂ ਕਿਹਾ ਕਿ ਜੇਕਰ ਕੋਈ ਨਸ਼ੇ ਦਾ ਕਾਰੋਬਾਰ

(ਬਾਕੀ ਸਫ਼ਾ 6 'ਤੇ)

'ਅਜੀਤ' ਉਪ ਦਫ਼ਤਰ ਦਾ ਪਤਾ ਤੇ ਸੰਪਰਕ ਨੰਬਰ

ਅਜੀਤ/ਅਜੀਤ ਸਮਾਚਾਰ ਹੜ੍ਹ ਰਾਹਤ ਫੰਡ ਵਿਚ ਯੋਗਦਾਨ ਪਾਉਣ ਲਈ ਅਜੀਤ ਪ੍ਰਕਾਸ਼ਨ ਸਮੂਹ ਦੇ ਹੇਠ ਲਿਖੇ ਉਪ-ਦਫ਼ਤਰ ਵਿਚ ਯੋਗਦਾਨ ਰਾਸ਼ੀ ਜਮ੍ਹਾਂ ਕਰਵਾ ਕੇ ਰਸੀਦ ਪ੍ਰਾਪਤ ਕੀਤੀ ਜਾਵੇ।

ਨਵਾਂਸ਼ਹਿਰ

ਸ. ਜਸਬੀਰ ਸਿੰਘ ਨੂਰਪੁਰ	98157-09234
ਗੁਰਦੁਆਰਾ ਸਾਹਿਬ ਇਮਾਰਤ ਪਹਿਲੀ ਮੰਜ਼ਿਲ, ਚੰਡੀਗੜ੍ਹ ਰੋਡ	01823-220443

GURU NANAK COLLEGE OF NURSING

V.P.O. Dhahan Kaleran, Distt. Shaheed Bhagat Singh Nagar-144505
Contact No. 76960-80260, 96461-60260
Affiliated to BFUHS Faridkot, Recognized by INC Delhi & Approved by Govt. of Punjab & PNRC Mohali
DIRECT ADMISSION FOR PARA MEDICAL CERTIFICATE COURSES
Certificate Course in:-
1. Hospital & Home Based care Attendant
2. Operation Theatre Attendant
Eligibility : Minimum 10th Standard Pass
Applications are invited up 30.11.25 till 09.00 AM.
Counseling will be held at college Campus on 30.11.2025 at 10.00 AM
Principal
Guru Nanak College of Nursing Dhahan Kaleran

ਬਿਜਲੀ ਬੰਦ ਰਹੇਗੀ

ਨਵਾਂਸ਼ਹਿਰ, 27 ਨਵੰਬਰ (ਹਰਮਿੰਦਰ ਸਿੰਘ ਪਿੰਟੂ) - 66 ਕੇ.ਵੀ. ਸਬ ਸਟੇਸ਼ਨ ਨਵਾਂਸ਼ਹਿਰ ਤੋਂ ਚੱਲਦੇ 11 ਕੇ.ਵੀ. ਬਰਨਾਲਾ ਗੇਟ ਫੀਡਰ 11 ਕੇ. ਵੀ. ਸਿਵਲ ਹਸਪਤਾਲ ਫੀਡਰ ਅਤੇ 132 ਕੇ.ਵੀ. ਸਬ ਸਟੇਸ਼ਨ ਨਵਾਂਸ਼ਹਿਰ ਤੋਂ ਚੱਲਦੇ 11 ਕੇ.ਵੀ ਚੰਡੀਗੜ੍ਹ ਰੋਡ ਫੀਡਰ ਦੀ ਬਿਜਲੀ ਸਪਲਾਈ 29 ਤੇ 30 ਨਵੰਬਰ ਦਿਨ ਸ਼ਨੀਵਾਰ ਤੇ ਐਤਵਾਰ ਨੂੰ ਸਵੇਰੇ 10:00 ਵਜੇ ਤੋਂ ਸ਼ਾਮ 5:00 ਵਜੇ ਤੱਕ ਬੰਦ ਰਹੇਗੀ। ਜਿਸ ਕਰਕੇ ਸਿਵਲ ਹਸਪਤਾਲ, ਆਈ.ਵੀ.ਵਾਈ ਹਸਪਤਾਲ, ਨਵੀ ਕੋਰਟ ਕੰਪਲੈਕਸ, ਡੀ.ਸੀ. ਕੰਮਪਲੈਕਸ, ਤਹਿਸੀਲ ਕੰਪਲੈਕਸ, ਸਿਵਲ ਸਰਜਨ ਕੰਪਲੈਕਸ, ਗੁਰੂ ਅੰਗਦ ਨਗਰ, ਸ਼ਿਵਾਲਿਕ ਇੰਕਲੇਵ , ਪ੍ਰਿੰਸ ਇੰਕਲੇਵ, ਰਣਜੀਤ ਨਗਰ, ਛੋਕਰਾ ਮੁਹੱਲਾ, ਮਹਿਲਾ ਕਲੋਨੀ, ਗੁਰੂ ਨਾਨਕ ਨਗਰ, ਜਲੰਧਰ ਕਲੋਨੀ, ਬਰਨਾਲਾ ਗੇਟ, ਸਬਜੀ ਮੰਡੀ, ਰਣਜੀਤ ਨਗਰ, ਲਾਜਪਤ ਨਗਰ, ਲੱਖ ਦਾਤਾ ਪੀਰ ਵਾਲੀ ਗਲੀ, ਬੱਸ ਅੱਡਾ, ਚੰਡੀਗੜ੍ਹ ਚੌਂਕ, ਬਾਗ ਕਲੋਨੀ, ਗੜ੍ਹਸ਼ੰਕਰ ਰੋਡ, ਚੰਡੀਗੜ੍ਹ ਰੋਡ, ਕੁਲਾਮ ਰੋਡ ਆਦਿ ਪ੍ਰਭਾਵਿਤ ਹੋਣਗੇ।

ਅੱਜ ਬਿਜਲੀ ਬੰਦ ਰਹੇਗੀ

ਬਹਿਰਾਮ, 27 ਨਵੰਬਰ (ਨਛੱਤਰ ਸਿੰਘ ਬਹਿਰਾਮ)-ਉਪ ਮੰਡਲ ਅਫ਼ਸਰ ਪਾਵਰਕਾਮ ਬਹਿਰਾਮ ਦੇ ਇੰਜੀ. ਨਰੇਸ਼ ਕੁਮਾਰ ਦੀਪਕ ਨੇ ਦੱਸਿਆ ਕਿ 28 ਨਵੰਬਰ ਦਿਨ ਸ਼ੁੱਕਰਵਾਰ ਨੂੰ ਮੇਨਟੀਨੈਂਸ ਕਾਰਨ ਸਬ-ਸਟੇਸ਼ਨ ਬਲਾਕੀਪੁਰ ਅਤੇ ਸਬ-ਸਟੇਸ਼ਨ ਮਾਣਕ ਵਾਹਦ ਤੋਂ ਚੱਲਦੇ ਫੀਡਰ ਅਤੇ ਘਰਾਂ ਦੀ ਬਿਜਲੀ ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਬੰਦ ਰਹੇਗੀ।

ਸੜਕ ਹਾਦਸੇ ਦੌਰਾਨ ਨੁਕਸ਼ਾਨੀ ਗਈ ਸਫ਼ਾਰੀ ਗੱਡੀ।

ਸਫ਼ਾਰੀ ਗੱਡੀ ਮੱਝ 'ਚ ਵੱਜੀ

ਕਾਠਗੜ੍ਹ/ਰੱਤੇਵਾਲ, 27 ਨਵੰਬਰ (ਹਰਸਿਮਰਨ ਜੋਤ ਸਿੰਘ ਕਲੇਰ, ਅਸ਼ੋਕ ਕੁਮਾਰ ਲੀਲ)-ਰੋਪੜ-ਫਗਵਾੜਾ ਨੈਸ਼ਨਲ ਹਾਈਵੇ 'ਤੇ ਪੈਂਦੇ ਪਿੰਡ ਫ਼ਤਿਹਪੁਰ ਨੇੜੇ ਸੈਣੀ ਢਾਬੇ ਨਜ਼ਦੀਕ ਇੱਕ ਮੱਝ ਨਾਲ ਸਫ਼ਾਰੀ ਗੱਡੀ ਟਕਰਾ ਗਈ। ਜਿਸ ਨਾਲ ਮੱਝ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਗੱਡੀ ਦਾ ਵੀ ਭਾਰੀ ਨੁਕਸਾਨ ਹੋਇਆ। ਪ੍ਰਾਪਤ ਸੂਚਨਾ ਅਨੁਸਾਰ ਇੱਕ ਸਫ਼ਾਰੀ ਗੱਡੀ ਨੰਬਰ ਸੀ.ਐਚ 01 ਏ.ਟੀ 3884 ਜਿਸ ਨੂੰ ਰਿਸ਼ੀ ਵਰਮਾ ਪੁੱਤਰ ਸੁਭਾਸ਼ ਚੰਦਰ ਵਾਸੀ ਸੈਕਟਰ 37 ਚੰਡੀਗੜ੍ਹ ਚਲਾ ਰਿਹਾ ਸੀ, ਜੋ ਕਿ ਨਵਾਂਸ਼ਹਿਰ ਤੋਂ ਚੰਡੀਗੜ੍ਹ ਜਾ ਰਿਹਾ ਸੀ। ਫ਼ਤਿਹਪੁਰ ਵਿਖੇ ਸੈਣੀ ਢਾਬੇ ਦੇ ਕੋਲ ਮੇਨ ਰੋਡ ਉੱਤੇ ਅਚਾਨਕ ਗੱਡੀ ਦੇ ਸਾਹਮਣੇ ਇੱਕ ਮੱਝ ਆ ਗਈ ਅਤੇ ਗੱਡੀ ਉਸ ਦੇ ਨਾਲ ਟਕਰਾ ਗਈ, ਜਿਸ ਨਾਲ ਮੱਝ ਦੀ ਥਾਂ 'ਤੇ ਹੀ ਮੌਤ ਹੋ ਗਈ। ਮੌਕੇ 'ਤੇ ਐੱਸ.ਐੱਸ.ਐੱਫ ਦੀ ਟੀਮ ਨੇ ਪਹੁੰਚ ਕੇ ਮੱਝ ਨੂੰ ਸਾਈਡ 'ਤੇ ਕੀਤਾ ਅਤੇ ਸੁਰੱਖਿਆ ਲਈ ਉਸ ਦੇ ਅੱਗੇ ਰਿਫ਼ਲੈਕਟਰ ਲਗਾਏ।

ਕਸਬਾ ਮਜਾਰੀ ਵਿਚੋਂ ਗੁਜ਼ਰਦਾ ਭੇਡਾਂ ਦਾ ਝੁੰਡ ਤੇ ਰੁਕੀ ਹੋਈ ਟ੍ਰੈਫਿਕ। ਤਸਵੀਰ : ਨਿਰਮਲਜੀਤ ਸਿੰਘ ਚਾਹਲ

ਭੇਡਾਂ ਦੇ ਵਗ ਲੈ ਕੇ ਘੁੰਮਦੇ ਚਰਵਾਹੇ ਬਣ ਰਹੇ ਹਾਦਸਿਆਂ ਦਾ ਕਾਰਨ

ਮਜਾਰੀ/ਸਾਹਿਬਾ, 27 ਨਵੰਬਰ (ਨਿਰਮਲਜੀਤ ਸਿੰਘ ਚਾਹਲ)-ਰਾਜ ਮਾਰਗ, ਕਸਬਿਆਂ ਤੇ ਪਿੰਡਾਂ ਦੀਆਂ ਸੜਕਾਂ 'ਤੇ ਭੇਡ